**ਪ੍ਰਸ਼ਨ-4** Tender Heart school sec-33 B Chd Ramandeepkaur
Class-10 Pbi. lang 1 Page-1

## (A) ਮੁਹਾਵਰਿਆਂ ਦੇ ਅਰਥ ਲਿਖ ਕੇ ਵਾਕ ਬਣਾਓ

### ੳ

1. **ਉਂਗਲ ਕਰਨੀ** *(ਦੋਸ਼ ਲਾਉਣਾ)*–ਬਿਨਾਂ ਸਬੂਤ ਦੇ ਕਿਸੇ ਵੱਲ ਉਂਗਲ ਕਰਨੀ ਆਦਮੀ ਨੂੰ ਸ਼ੋਭਾ ਨਹੀਂ ਦਿੰਦੀ।
2. **ਉੱਡਦੇ ਫਿਰਨਾ** *(ਹੌਂਸਲਾ ਹੋਣਾ)*–ਬੁੱਢੇ ਮਾਤਾ-ਪਿਤਾ ਆਪਣੇ ਪੁੱਤਰ ਦੇ ਸਿਰ ਤੇ ਉੱਡਦੇ ਫਿਰਦੇ ਹਨ।
3. **ਉੱਲੂ ਬਣਾਉਣਾ** *(ਮੂਰਖ ਬਣਾਉਣਾ)*–ਮਿੱਤਰਾ, ਮੈਨੂੰ ਉੱਲੂ ਬਣਾਉਣ ਦੀ ਕੋਸ਼ਿਸ਼ ਨਾ ਕਰ। ਮੈਨੂੰ ਵਿਚਲੀ ਗੱਲ ਦਾ ਪਤਾ ਹੈ।
4. **ਉਲਟੀ ਪੱਟੀ ਪੜ੍ਹਾਉਣੀ** *(ਭੈੜੀ ਮਤ ਦੇਣੀ)*–ਗੰਗਾ ਨੇ ਪੁੱਤਰ ਨੂੰ ਅਜਿਹੀ ਉਲਟੀ ਪੱਟੀ ਪੜ੍ਹਾਈ ਹੈ ਕਿ ਉਸ ਨੇ ਵਹੁਟੀ ਨਾਲ ਬੋਲਣਾ ਹੀ ਬੰਦ ਕਰ ਦਿੱਤਾ ਹੈ।
5. **ਉਂਗਲਾਂ 'ਤੇ ਨਚਾਉਣਾ** *(ਆਪਣੇ ਅਨੁਸਾਰ ਕੰਮ ਕਰਾਉਣਾ)*–ਅਮਰੀਕਾ, ਪਾਕਿਸਤਾਨ ਨੂੰ ਆਪਣੀਆਂ ਉਂਗਲਾਂ 'ਤੇ ਨਚਾਉਂਦਾ ਹੈ
6. **ਉਸੱਲ ਵੱਟੇ ਭੰਨਣੇ** *(ਪਾਸੇ ਮਾਰਨੇ)*–ਆਪਣੇ ਤੇ ਲੱਗੀ ਝੂਠੀ ਊਜ ਨੂੰ ਸੁਣ ਕੇ ਮੈਂ ਸਾਰੀ ਰਾਤ ਉਸੱਲ ਵੱਟੇ ਭੰਨਦਾ ਰਿਹਾ।
7. **ਉਸਤਾਦੀ ਕਰਨੀ** *(ਚਲਾਕੀ ਕਰਨਾ)*–ਚੇਲਾ ਆਪਣੇ ਉਸਤਾਦ ਨਾਲ ਉਸਤਾਦੀ ਕਰਕੇ ਭੱਜ ਗਿਆ।
8. **ਉੱਖਲੀ ਵਿੱਚ ਸਿਰ ਦੇਣਾ** *(ਔਖਾ ਕੰਮ ਸਹੇੜਨਾ)*–ਮਾਓਵਾਦੀਆਂ ਨੇ ਸਰਕਾਰ ਨਾਲ ਪੰਗਾ ਲੈ ਕੇ ਆਪਣਾ ਸਿਰ ਉੱਖਲੀ ਵਿੱਚ ਦੇ ਦਿੱਤਾ ਹੈ।
9. **ਉਂਗਲ ਮੂੰਹ ਵਿੱਚ ਪਾਉਣਾ** *(ਕੋਈ ਮਾੜੀ ਗੱਲ ਸੁਣ ਕੇ ਹੈਰਾਨ ਹੋ ਜਾਣਾ)*–ਸਾਧਾਂ ਵਾਲੇ ਬਾਬੇ ਦੀ ਅਸਲੀਅਤ ਵੇਖ ਕੇ ਲੋਕ ਉਂਗਲਾਂ ਮੂੰਹ ਵਿੱਚ ਪਾਉਂਦੇ ਹਨ।
10. **ਉੱਚਾ ਨੀਵਾਂ ਬੋਲਣਾ** *(ਬੋਲ-ਕਬੋਲ ਕਰਨਾ)*–ਸਾਨੂੰ ਕਦੇ ਵੀ ਆਪਣੇ ਵੱਡਿਆਂ ਅੱਗੇ ਉੱਚਾ ਨੀਵਾਂ ਨਹੀਂ ਬੋਲਣਾ ਚਾਹੀਦਾ।
11. **ਉੱਨ ਲਾਹੁਣਾ** *(ਧੋਖਾ ਦੇਣਾ)*–ਦੁਕਾਨਦਾਰ ਸੇਲ ਦਾ ਬੋਰਡ ਲਗਾ ਕੇ ਆਪਣੀਆਂ ਪੁਰਾਣੀਆਂ ਚੀਜ਼ਾਂ ਵੇਚਦੇ ਹਨ ਤੇ ਗਾਹਕਾਂ ਦੀ ਉੱਨ ਲਾਹੁੰਦੇ ਹਨ।
12. **ਉੱਨੀ-ਇੱਕੀ ਦਾ ਫ਼ਰਕ ਹੋਣਾ** *(ਬਹੁਤ ਥੋੜ੍ਹਾ ਫ਼ਰਕ ਹੋਣਾ)*–ਰਮੇਸ਼ ਤੇ ਸੁਰੇਸ਼ ਦੇ ਸੁਭਾਅ ਵਿੱਚ ਉੱਨੀ-ਇੱਕੀ ਦਾ ਫ਼ਰਕ ਹੈ।
13. **ਉਬਾਲ ਉੱਠਣਾ** *(ਜੋਸ਼ ਆਉਣਾ)*– ਦੇਸ਼ ਭਗਤੀ ਦੀਆਂ ਕਵਿਤਾਵਾਂ ਸੁਣ ਕੇ ਨੌਜਵਾਨਾਂ ਵਿੱਚ ਉਬਾਲ ਉੱਠਿਆ।
14. **ਉਫ਼ ਨਾ ਕਰਨਾ** *(ਸੀ ਨਾ ਕਰਨੀ)*–ਧਰਮ ਖ਼ਾਤਰ ਲੋਕਾਂ ਨੇ ਜ਼ੁਲਮ ਸਹੇ ਪਰ ਉਫ਼ ਨਾ ਕੀਤੀ।
15. **ਉੱਲੂ ਬਣਾਉਣਾ** *(ਮੂਰਖ ਬਣਾਉਣਾ)*–ਦੁਕਾਨਦਾਰ ਚੀਜ਼ਾਂ ਸੇਲ ਦਾ ਬੋਰਡ ਲਗਾ ਕੇ ਗਾਹਕਾਂ ਨੂੰ ਉੱਲੂ ਬਣਾਉਂਦੇ ਹਨ।
16. **ਉੱਲੂ ਬੋਲਣਾ** *(ਉਜਾੜ ਹੋਣੀ, ਬੇ-ਰੌਣਕੀ ਹੋਣੀ)*–ਅੱਤਵਾਦ ਦੇ ਦਿਨਾਂ ਵਿੱਚ ਸ਼ਾਮ ਸੱਤ ਵਜੇ ਹੀ ਸ਼ਹਿਰਾਂ ਵਿੱਚ ਉੱਲੂ ਬੋਲਣ ਲੱਗ ਪੈਂਦੇ ਸਨ।

### ਅ

17. **ਆਈ ਚਲਾਈ ਕਰਨੀ** *(ਥੋੜ੍ਹੀ ਕਮਾਈ ਵਿੱਚ ਮਸਾਂ ਗੁਜ਼ਾਰਾ ਕਰਨਾ)*–ਅੱਜ-ਕੱਲ੍ਹ ਮਹਿੰਗਾਈ ਕਾਰਨ ਤਨਖ਼ਾਹ ਨਾਲ ਮਸਾਂ ਆਈ ਚਲਾਈ ਹੀ ਹੁੰਦੀ ਹੈ।
18. **ਅਕਲ ਤੇ ਪਰਦਾ ਪੈਣਾ** *(ਮੱਤ ਮਾਰੀ ਜਾਣੀ)*–ਰਾਮੂ ਦੀ ਅਕਲ ਤੇ ਪਤਾ ਨਹੀਂ ਕੀ ਪਰਦਾ ਪੈ ਗਿਆ ਹੈ, ਜੂਏ ਵਿੱਚ ਘਰ ਉਜਾੜੀ ਜਾਂਦਾ ਹੈ।
19. **ਅਸਮਾਨ ਦੇ ਤਾਰੇ ਤੋੜਨਾ** *(ਸ਼ੇਖੀਆਂ ਮਾਰਨੀਆਂ)*–ਵਾਹ ਮਿੱਤਰਾ, ਗੱਲਾਂ ਨਾਲ ਤਾਂ ਅਸਮਾਨ ਦੇ ਤਾਰੇ ਤੋੜਦਾ ਏਂ ਪਰ ਕੰਮ ਕਰ ਕੇ ਕਦੀ ਕੁਝ ਨਹੀਂ ਵਿਖਾਇਆ।
20. **ਅੱਖ ਉੱਚੀ ਨਾ ਕਰ ਸਕਣਾ** *(ਸ਼ਰਮ ਨਾਲ ਸਿਰ ਨੀਵਾਂ ਹੋਣਾ)*–ਚੋਰੀ ਫੜੀ ਜਾਣ ਕਰਕੇ ਮੋਹਨ ਜਮਾਤ ਵਿੱਚ ਅੱਖ ਉੱਚੀ ਕਰਨ ਜੋਗਾ ਨਹੀਂ ਰਿਹਾ।
21. **ਅੱਖਾਂ ਖੁੱਲ੍ਹਣੀਆਂ** *(ਹੋਸ਼ ਜਾਂ ਸਮਝ ਆਉਣੀ)*–ਮਦਨ ਦੀ ਮਾਂ ਉਸ ਨੂੰ ਬਥੇਰਾ ਸਮਝਾਉਂਦੀ ਸੀ ਕਿ ਨੌਕਰਾਂ ਦੇ ਸਿਰ ਤੇ ਦੁਕਾਨ ਨਾ ਛੱਡੇ। ਹੁਣ ਜਦ ਨੌਕਰਾਂ ਨੇ ਦੁਕਾਨ ਉਜਾੜ ਦਿੱਤੀ ਏ ਤਾਂ ਉਸ ਦੀਆਂ ਅੱਖਾਂ ਖੁੱਲ੍ਹੀਆਂ ਹਨ।
22. **ਅੱਖਾਂ ਮੀਟ ਜਾਣਾ** *(ਮਰ ਜਾਣਾ)*–ਗੁਰਦਿਆਲ ਦੀ ਮਾਤਾ ਕਈ ਦਿਨਾਂ ਤੋਂ ਬਿਮਾਰ ਸੀ, ਕੱਲ੍ਹ ਰਾਤੀਂ ਉਹ ਅੱਖਾਂ ਮੀਟ ਗਈ।
23. **ਅੱਖਾਂ ਫੇਰ ਲੈਣੀਆਂ** *(ਮਿੱਤਰਤਾ ਛੱਡ ਦੇਣੀ)*–ਸੁਆਰਥੀ ਮਿੱਤਰ, ਆਪਣਾ ਮਤਲਬ ਕੱਢ ਕੇ ਅੱਖਾਂ ਫੇਰ ਲੈਂਦੇ ਹਨ।
24. **ਅਸਮਾਨ ਸਿਰ ਤੇ ਚੁੱਕਣਾ** *(ਬਹੁਤ ਰੌਲਾ ਪਾਉਣਾ)*–ਅਧਿਆਪਕ ਦੇ ਜਮਾਤ ਤੋਂ ਬਾਹਰ ਜਾਂਦੇ ਹੀ ਬੱਚਿਆਂ ਨੇ ਅਸਮਾਨ ਸਿਰ ਤੇ ਚੁੱਕ ਲਿਆ।

25. **ਅਸਮਾਨ ਨਾਲ ਗੱਲਾਂ ਕਰਨਾ** (*ਬਹੁਤ ਉੱਚਾ ਹੋਣਾ*)–ਕੁਤੁਬਮੀਨਾਰ ਦੀਆਂ ਦੋ ਮੰਜ਼ਲਾਂ ਭਾਵੇਂ ਡਿੱਗ ਚੁੱਕੀਆਂ ਹਨ ਪਰ ਫੇਰ ਵੀ ਇਹ ਇਮਾ ਅਸਮਾਨ ਨਾਲ ਗੱਲਾਂ ਕਰਦੀ ਹੈ।

26. **ਅਸਮਾਨੀ ਗੋਲਾ ਪੈਣਾ** (*ਅਚਾਨਕ ਮੁਸੀਬਤ ਪੈ ਜਾਣੀ*)–ਜਵਾਨ ਮੁੰਡੇ ਦੀ ਮੌਤ ਨੇ ਰਹੀਮ ਦੇ ਪਰਿਵਾਰ ਤੇ ਅਸਮਾਨੀ ਗੋਲਾ ਪਾ ਦਿੱਤਾ।

27. **ਅਕਲ ਗਿੱਟਿਆਂ ਵਿੱਚ ਹੋਣਾ** (*ਮੂਰਖ ਹੋਣਾ*)–ਮੈਨੂੰ ਤਾਂ ਲੱਗਦਾ ਹੈ ਕਿ ਸੁਮੀਤ ਦੀ ਅਕਲ ਗਿੱਟਿਆਂ ਵਿੱਚ ਹੈ ਜਿਹੜਾ ਆਪਣਾ ਨੁਕਸਾਨ ਕਰ ਆਪਣੇ ਮਿੱਤਰਾਂ ਦੀ ਮਦਦ ਕਰ ਰਿਹਾ ਹੈ।

28. **ਅੱਖਾਂ ਕੱਢਣਾ** (*ਬਹੁਤ ਗੁੱਸਾ ਕਰਨਾ*)–ਪਾਕਿਸਤਾਨ ਹਮੇਸ਼ਾਂ ਦੂਜਿਆਂ ਦੇ ਸਹਾਰੇ ਭਾਰਤ ਨੂੰ ਅੱਖਾਂ ਕੱਢਦਾ ਰਹਿੰਦਾ ਹੈ।

29. **ਅੱਖਾਂ ਮੀਟ ਛੱਡਣਾ** (*ਬੇਪਰਵਾਹ ਹੋਣਾ*)–ਜਿਹੜੇ ਮਾਤਾ-ਪਿਤਾ ਆਪਣੇ ਬੱਚਿਆਂ ਦੀਆਂ ਗ਼ਲਤੀਆਂ ਵੱਲੋਂ ਅੱਖਾਂ ਮੀਟ ਛੱਡਦੇ ਹਨ ਉਹ ਬਾ ਵਿੱਚ ਪਛਤਾਉਂਦੇ ਹਨ।

30. **ਅੱਖਾਂ ਵਿੱਚ ਘੱਟਾ ਪਾਉਣਾ** (*ਧੋਖਾ ਦੇਣਾ*)–ਚੋਰ ਪੁਲਿਸ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਦੌੜ ਗਿਆ।

31. **ਅੱਖਾਂ ਵਿੱਚ ਲਹੂ ਉਤਰਨਾ** (*ਬਹੁਤ ਗੁੱਸੇ ਵਿੱਚ ਆਉਣਾ*)–ਜਦ ਉਸਨੇ ਮੈਨੂੰ ਗਾਲ੍ਹ ਕੱਢੀ ਤਾਂ ਮੇਰੀਆਂ ਅੱਖਾਂ ਵਿੱਚ ਲਹੂ ਉਤਰ ਆਇਆ।

32. **ਅੱਗ ਨਾਲ ਖੇਡਣਾ** (*ਖਤਰਾ ਮੁੱਲ ਲੈਣਾ*)–ਪਾਕਿਸਤਾਨ ਦੀ ਸਰਕਾਰ ਅੱਤਵਾਦੀਆਂ ਦੀ ਮਦਦ ਕਰਕੇ ਅੱਗ ਨਾਲ ਖੇਡ ਰਹੀ ਹੈ।

33. **ਅੱਗ ਲਾਉਣਾ** (*ਵਿਰੋਧ ਪੈਦਾ ਕਰਨਾ, ਅਮਨ ਭੰਗ ਕਰਨਾ*)–ਸਾਨੂੰ ਦੂਜਿਆਂ ਦੇ ਘਰ ਵਿੱਚ ਅੱਗ ਨਹੀਂ ਲਾਉਣੀ ਚਾਹੀਦੀ।

34. **ਅੱਗ ਵਰ੍ਹਨਾ** (*ਬਹੁਤ ਗਰਮੀ ਪੈਣਾ*)–ਜੂਨ ਦੇ ਮਹੀਨੇ ਵਿੱਚ ਤਾਂ ਅੱਗ ਵਰ੍ਹਦੀ ਹੈ।

35. **ਅੱਜ-ਕੱਲ੍ਹ ਕਰਨਾ** (*ਟਾਲ-ਮਟੋਲ ਕਰਨਾ*)–ਜਦ ਮੈਂ ਰਾਮ ਕੋਲੋਂ ਆਪਣੇ ਉਧਾਰ ਦਿੱਤੇ ਰੁਪਏ ਮੰਗੇ ਤਾਂ ਉਹ ਅੱਜ-ਕੱਲ੍ਹ ਕਰਨ ਲੱਗ ਪਿਆ।

36. **ਅੱਡੀਆਂ ਗੋਡੇ ਰਗੜਨਾ** (*ਮਿੰਨਤਾਂ ਕਰਨੀਆਂ*)–ਪੁੱਤਰ ਦੀ ਨੌਕਰੀ ਲਈ ਨੁਸਰਤ ਨੇ ਅਫ਼ਸਰਾਂ ਅੱਗੇ ਬਹੁਤ ਅੱਡੀਆਂ ਗੋਡੇ ਰਗੜੇ ਪਰ ਫੇਰ ਸਫ਼ਲਤਾ ਨਾ ਮਿਲੀ।

37. **ਆਸਾਂ ਉੱਤੇ ਪਾਣੀ ਫੇਰ ਦੇਣਾ ਜਾਂ ਫਿਰ ਜਾਣਾ** (*ਨਿਰਾਸ਼ ਕਰਨਾ ਜਾਂ ਨਿਰਾਸ਼ ਹੋਣਾ*)–ਸੁਰਿੰਦਰ ਨੂੰ ਪੂਰਾ ਵਿਸ਼ਵਾਸ ਸੀ ਕਿ ਉਸ ਨੂੰ ਨੌਕਰੀ ਮਿ ਜਾਏਗੀ ਤੇ ਉਸਦੀ ਗ਼ਰੀਬੀ ਦੇ ਦਿਨ ਕੱਟੇ ਜਾਣਗੇ ਪਰ ਜਦੋਂ ਉਸ ਨੂੰ ਨੌਕਰੀ ਨਾ ਮਿਲੀ ਤਾਂ ਉਸ ਦੀਆਂ ਆਸਾਂ ਉੱਤੇ ਪਾਣੀ ਫਿਰ ਗਿਆ।

38. **ਆਹੂ ਲਾਹੁਣਾ** (*ਮਾਰ ਮੁਕਾਉਣਾ*)–ਸਿੱਖ ਫ਼ੌਜਾਂ ਨੇ ਤਲਵਾਰਾਂ ਧੂਹ ਕੇ ਮੁਗਲਾਂ ਦੀਆਂ ਫ਼ੌਜਾਂ ਦੇ ਆਹੂ ਲਾਹ ਦਿੱਤੇ।

39. **ਆਟੇ ਵਿੱਚ ਲੂਣ ਹੋਣਾ** (*ਬਹੁਤ ਥੋੜ੍ਹੀ ਗਿਣਤੀ*)–ਭਾਰਤ ਵਿੱਚ ਈਸਾਈਆਂ ਦੀ ਗਿਣਤੀ ਆਟੇ ਵਿੱਚ ਲੂਣ ਦੇ ਬਰਾਬਰ ਹੈ।

40. **ਆਪਣੀ ਆਈ ਕਰਨਾ** (*ਆਪਣੀ ਮਰਜ਼ੀ ਕਰਨੀ*)–ਰਮੇਸ਼ ਮਨਮੌਜੀ ਹੈ ਉਹ ਕਿਸੇ ਦੀ ਨਹੀਂ ਸੁਣਦਾ ਸਗੋਂ ਆਪਣੀ ਆਈ ਕਰਦਾ ਹੈ।

41. **ਆਪਣੀ ਪੀੜ੍ਹੀ ਹੇਠਾਂ ਸੋਟਾ ਫੇਰਨਾ** (*ਆਪਣੇ ਨੁਕਸ ਦੇਖਣੇ*)–ਦੂਜਿਆਂ ਦੇ ਔਗੁਣ ਵੇਖਣ ਤੋਂ ਪਹਿਲਾਂ ਆਪਣੀ ਪੀੜ੍ਹੀ ਹੇਠਾਂ ਸੋਟਾ ਮਾਰਨਾ ਚਾਹੀਦਾ ਹੈ।

42. **ਆਪਣੇ ਮੂੰਹ ਮੀਆਂ ਮਿੱਠੂ ਬਣਨਾ** (*ਆਪਣੀ ਵਡਿਆਈ ਆਪ ਕਰਨੀ*)–ਸੁਰੇਸ਼ ਹਮੇਸ਼ਾਂ ਆਪਣੇ ਮੂੰਹ ਮੀਆਂ ਮਿੱਠੂ ਬਣਿਆ ਫਿਰਦਾ ਹੈ।

43. **ਆਵਾ ਊਤ ਜਾਣਾ** (ਸਾਰਾ ਟੱਬਰ ਨਿਕੰਮਾ ਹੋਣਾ)– ਸ਼ੇਰ ਸਿੰਘ ਦਾ ਪੂਰਾ ਟੱਬਰ ਕੰਮ ਚੋਰ ਹੈ ਐਵੇਂ ਤੇ ਨਹੀਂ ਕਿਹਾ ਜਾਂਦਾ ਕਿ 'ਆਵਾ ਹੀ ਊ ਗਿਆ ਹੈ।'

## ੲ

44. **ਇੱਟ ਕੁੱਤੇ ਦਾ ਵੈਰ ਹੋਣਾ** (*ਬਹੁਤ ਜ਼ਿਆਦਾ ਦੁਸ਼ਮਣੀ*)–ਇਹ ਗੱਲ ਬਿਲਕੁਲ ਸਹੀ ਨਹੀਂ ਹੈ ਕਿ ਸੱਸ ਅਤੇ ਨੂੰਹ ਦਾ ਇੱਟ ਕੁੱਤੇ ਦਾ ਵੈਰ ਹੁੰ ਹੈ। ਕਈ ਥਾਈਂ ਇਹ ਰਿਸ਼ਤਾ ਬਹੁਤ ਨਿੱਘਾ ਅਤੇ ਮਿਠਾਸ ਵਾਲਾ ਵੀ ਹੁੰਦਾ ਹੈ।

45. **ਇੱਕ ਅੱਖ ਨਾਲ ਵੇਖਣਾ** (*ਬਰਾਬਰ ਵੇਖਣਾ*)–ਮਹਾਂਪੁਰਖ ਸਾਰੇ ਮਨੁੱਖਾਂ ਨੂੰ ਇੱਕ ਅੱਖ ਨਾਲ ਵੇਖਦੇ ਹਨ।

46. **ਇੱਟ ਨਾਲ ਇੱਟ ਖੜਕਾਉਣਾ** (*ਤਬਾਹੀ ਮਚਾਉਣਾ*)–ਇਤਿਹਾਸ ਗਵਾਹ ਹੈ ਕਿ ਦਿੱਲੀ ਦੀ ਅਨੇਕਾਂ ਵਾਰ ਇੱਟ ਨਾਲ ਇੱਟ ਖੜਕੀ ਹੈ।

47. **ਈਦ ਦਾ ਚੰਦ ਹੋਣਾ** (*ਬਹੁਤ ਦੇਰ ਬਾਅਦ ਮਿਲਣਾ*)–ਨਰਿੰਦਰ ਭਾਵੇਂ ਇਸੇ ਸ਼ਹਿਰ ਵਿੱਚ ਰਹਿੰਦਾ ਹੈ, ਪਰ ਸਾਡੇ ਲਈ ਤਾਂ ਉਹ ਈਦ ਦਾ ਚੰ ਬਣ ਗਿਆ ਹੈ, ਕਈ ਮਹੀਨਿਆਂ ਤੋਂ ਮਿਲਿਆ ਹੀ ਨਹੀਂ।

48. **ਇੱਕ ਮੁੱਠ ਹੋਣਾ** (*ਏਕਾ ਹੋਣਾ*)–ਸਾਨੂੰ ਵਿਦੇਸ਼ੀ ਹਮਲੇ ਦਾ ਟਾਕਰਾ ਇੱਕ ਮੁੱਠ ਹੋ ਕੇ ਕਰਨਾ ਚਾਹੀਦਾ ਹੈ।

49. **ਇੱਟ ਖੜਿੱਕਾ ਲਾਉਣਾ** (*ਝਗੜਾ ਪਾ ਕੇ ਬਹਿਣਾ*)–ਨੂੰਹ ਤੇ ਸੱਸ ਦਾ ਇੱਟ ਖੜਿੱਕਾ ਲੱਗਾ ਰਹਿੰਦਾ ਹੈ।

50. **ਇੱਟ ਚੁੱਕਦੇ ਨੂੰ ਪੱਥਰ ਚੁੱਕਣਾ** (*ਦੁਸ਼ਮਣ ਨਾਲ ਬਰਾਬਰ ਦੀ ਟੱਕਰ ਲੈਣੀ*)–ਦੁਸ਼ਮਣ ਨੂੰ ਕਮਜ਼ੋਰ ਨਾ ਸਮਝੋ, ਸਾਨੂੰ ਉਸ ਦੇ ਇੱਟ ਚੁੱਕਦੇ ਪੱਥਰ ਚੁੱਕਣਾ ਚਾਹੀਦਾ ਹੈ।

51. **ਇੱਜ਼ਤ ਨੂੰ ਵੱਟਾ ਲਾਉਣਾ** (*ਇੱਜ਼ਤ ਮਿੱਟੀ ਵਿੱਚ ਮਿਲਾ ਦੇਣੀ*)–ਚਪੜਾਸੀ ਚੰਦੂ ਦੇ ਮੁੰਡੇ ਨੇ ਦਫ਼ਤਰ ਵਿੱਚ ਚੋਰੀ ਕਰਕੇ ਆਪਣੇ ਇਮਾਨਦਾਰ ਪਿਤਾ ਦੀ ਇੱਜ਼ਤ ਨੂੰ ਵੱਟਾ ਲਾ ਦਿੱਤਾ।

52. **ਇੱਕ ਦੀਆਂ ਚਾਰ ਸੁਣਾਉਣਾ** (*ਬਹੁਤ ਜ਼ਿਆਦਾ ਬੋਲਣਾ*)—ਅੱਜ ਦੀ ਨੌਜਵਾਨ ਪੀੜ੍ਹੀ ਵਿੱਚ ਸਹਿਣ-ਸ਼ੀਲਤਾ ਬਿਲਕੁਲ ਨਹੀਂ ਹੈ ਜੇ ਕੋਈ ਉਹਨਾਂ ਨੂੰ ਇੱਕ ਕਹਿੰਦਾ ਹੈ ਤਾਂ ਉਹ ਅੱਗੋਂ ਇੱਕ ਦੀਆਂ ਚਾਰ ਸੁਣਾਉਂਦੇ ਹਨ।

53. **ਈਨ ਮੰਨਣਾ** (*ਅਧੀਨ ਹੋਣਾ*)—ਮਹਾਰਾਣਾ ਪ੍ਰਤਾਪ ਨੇ ਕਦੇ ਵੀ ਮੁਗਲਾਂ ਦੀ ਈਨ ਨਹੀਂ ਮੰਨੀ ਸੀ।

## ਸ

54. **ਸਿਰ 'ਤੇ ਹੱਥ ਰੱਖਣਾ** (*ਆਸਰਾ ਦੇਣਾ*)—ਸੁਰਜੀਤ ਦੇ ਮਾਤਾ-ਪਿਤਾ ਦੀ ਮੌਤ ਤੋਂ ਬਾਅਦ ਉਸ ਦੇ ਚਾਚੇ ਨੇ ਹੀ ਉਸ ਦੇ ਸਿਰ ਤੇ ਹੱਥ ਰੱਖਿਆ।

55. **ਸਿਤਾਰਾ ਚਮਕਣਾ** (*ਕਿਸਮਤ ਜਾਗਣੀ*)—ਰਾਜਬੀਰ ਨੇ ਜਦੋਂ ਦਾ ਆਪਣੇ ਪਿਤਾ ਦੇ ਕਾਰੋਬਾਰ ਨੂੰ ਸੰਭਾਲਿਆ ਹੈ ਉਸ ਦਾ ਤਾਂ ਸਿਤਾਰਾ ਚਮਕ ਉੱਠਿਆ ਹੈ। ਅੱਜ ਉਹ ਨਾਮਵਰ ਉਦਯੋਗਪਤੀਆਂ ਵਿੱਚੋਂ ਇੱਕ ਹੈ।

56. **ਸਾਹ ਸੁੱਕਣਾ** (*ਘਬਰਾ ਜਾਣਾ, ਡਰ ਜਾਣਾ*)—ਸੁੰਨਸਾਨ ਜੰਗਲ ਵਿੱਚ ਇੱਕ ਵਿਸ਼ਾਲ ਤੇ ਨਿਰਜਨ ਹਵੇਲੀ ਨੂੰ ਦੇਖ ਕੇ ਮੇਰਾ ਤਾਂ ਸਾਹ ਹੀ ਸੁੱਕ ਗਿਆ।

57. **ਸਰ ਕਰਨਾ** (*ਜਿੱਤ ਹੋਣੀ*)—ਹਰੀ ਸਿੰਘ ਨਲੂਏ ਨੇ ਦੁਸ਼ਮਣ ਦੇ ਅਨੇਕਾਂ ਕਿਲ੍ਹੇ ਸਰ ਕੀਤੇ।

58. **ਸੱਤੀਂ ਕੱਪੜੀਂ ਅੱਗ ਲੱਗਣੀ** (*ਵੇਖਦਿਆਂ ਹੀ ਗੁੱਸਾ ਚੜ੍ਹਨਾ*)—ਵਿੱਦਿਆ ਨੂੰ ਵੇਚਣ ਵਾਲਿਆਂ ਦੀਆਂ ਕਰਤੂਤਾਂ ਸੁਣ ਕੇ ਮੇਰੇ ਸੱਤੀਂ ਕੱਪੜੀਂ ਅੱਗ ਲੱਗ ਗਈ।

59. **ਸਿਰ ਸਿਹਰਾ ਹੋਣਾ** (*ਵਡਿਆਈ ਮਿਲਣੀ*)—ਸਕੂਲ ਦੇ ਚੰਗੇ ਨਤੀਜੇ ਦਾ ਸਿਰ ਸਿਹਰਾ ਸਾਡੇ ਮਿਹਨਤੀ ਅਧਿਆਪਕਾਂ ਅਤੇ ਸਕੂਲ ਦੇ ਮੁੱਖੀ ਨੂੰ ਜਾਂਦਾ ਹੈ।

60. **ਸਿਰ ਚੜ੍ਹ ਕੇ ਮਰਨਾ** (*ਦੂਜੇ ਤੇ ਅਰੋਪ ਥੱਪਣਾ*)—ਆਤਮ-ਹੱਤਿਆ ਕਰਨਾ ਇੱਕ ਤਰ੍ਹਾਂ ਸਮਾਜ ਦੇ ਸਿਰ ਚੜ੍ਹ ਕੇ ਮਰਨਾ ਹੀ ਹੈ।

61. **ਸਿਰ ਭੌਂ ਜਾਣਾ** (*ਘਬਰਾ ਜਾਣਾ*)—ਚੰਡੀਗੜ੍ਹ ਵਰਗੇ ਸ਼ਹਿਰ ਵਿੱਚ ਇੱਕ ਅਣਜਾਣ ਵਿਅਕਤੀ ਦਾ ਤਾਂ ਸਿਰ ਭੌਂ ਜਾਂਦਾ ਹੈ।

62. **ਸਿਰ ਫੜ ਕੇ ਬਹਿ ਜਾਣਾ** (*ਸੁੰਨ ਹੋਣਾ, ਹੈਰਾਨ ਹੋਣਾ*)—ਆਪਣੇ ਪਤੀ ਦੀਆਂ ਲਾਪਰਵਾਹੀਆਂ ਬਾਰੇ ਸੁਣ-ਸੁਣ ਕੇ ਪਤਨੀ ਸਿਰ ਫੜ ਕੇ ਬਹਿ ਗਈ।

63. **ਸਿਰ ਸੁਆਹ ਪੈਣੀ** (*ਦੂਜੇ ਦੀ ਕੀਤੀ ਭੁੱਲ ਜਾਣਾ*)—ਦਰਸ਼ਨ ਕੁਮਾਰ ਨੇ ਦਾਜ ਦੀ ਮੰਗ ਤੇ ਅੜ ਕੇ ਆਪਣੇ ਸ਼ਰੀਫ ਪਿਤਾ ਤਾਰਾ ਚੰਦ ਦੇ ਸਿਰ ਸੁਆਹ ਪੁਆ ਦਿੱਤੀ।

64. **ਸੱਤਰਿਆ ਬਹੱਤਰਿਆ ਜਾਣਾ** (*ਬੁਢੇਪੇ ਵਿੱਚ ਮੱਤ ਮਾਰੀ ਜਾਣੀ*)— ਸੁਰੇਸ਼ ਦੀਆਂ ਗੱਲਾਂ ਕਿਸੇ ਨੂੰ ਸਮਝ ਨਹੀਂ ਆਉਂਦੀਆਂ ਲੱਗਦਾ ਹੈ ਵਡੇਰੀ ਉਮਰ ਵਿੱਚ ਆ ਕੇ ਸੱਤਰਿਆ ਬਹੱਤਰਿਆ ਗਿਆ।

65. **ਸਤਿਆ ਹੋਣਾ** (*ਬੇ-ਹੱਦ ਦੁਖੀ ਹੋਣਾ*)—ਸੁਮੇਲ ਦੀ ਔਲਾਦ ਕੰਮਚੋਰ ਤੇ ਹੱਡਹਰਾਮ ਹੈ ਇਸ ਲਈ ਉਹ ਉਹਨਾਂ ਤੋਂ ਸਤਿਆ ਫਿਰਦਾ ਹੈ।

66. **ਸੱਪ ਸੁੰਘ ਜਾਣਾ** (*ਦਿਲ ਢਹਿ-ਢੇਰੀ ਹੋ ਜਾਣਾ*)—ਸੁਰਜੀਤ ਦੀ ਤਰੱਕੀ ਵੇਖ ਕੇ ਉਸਦੇ ਸ਼ਰੀਕਾਂ ਨੂੰ ਸੱਪ ਹੀ ਸੁੰਘ ਗਿਆ।

67. **ਸੱਪਾਂ ਨੂੰ ਦੁੱਧ ਪਿਆਉਣਾ** (*ਦੁਸ਼ਮਣ ਨਾਲ ਨੇਕੀ ਕਰਨਾ*)—ਸੱਪਾਂ ਨੂੰ ਜਿੰਨ੍ਹਾਂ ਮਰਜ਼ੀ ਦੁੱਧ ਪਿਆਓ ਪਰ ਉਹ ਡੰਗ ਮਾਰਨ ਤੋਂ ਕਦੇ ਨਹੀਂ ਹੱਟਦੇ।

68. **ਸਬਕ ਸਿਖਾਉਣਾ** (*ਕਸੂਰਵਾਰ ਨੂੰ ਸਖ਼ਤ ਸਜ਼ਾ ਦੇਣੀ*)—ਮੁੰਬਈ ਧਮਾਕੇ ਦੇ ਗੁਨਾਹਗਾਰਾਂ ਨੂੰ ਸਬਕ ਸਿਖਾਉਣਾ ਚਾਹੀਦਾ ਹੈ।

69. **ਸਬਰ ਦਾ ਘੁੱਟ ਭਰਨਾ** (*ਵਧੀਕੀ ਨੂੰ ਬਰਦਾਸ਼ਤ ਕਰ ਜਾਣਾ*)—ਧਨ ਕੁਬੇਰਾਂ ਦੇ ਅੱਤਿਆਚਾਰ ਅੱਗੇ ਗ਼ਰੀਬ ਸਬਰ ਦਾ ਘੁੱਟ ਭਰ ਕੇ ਰਹਿ ਜਾਂਦੇ ਹਨ।

70. **ਸਮੇਂ ਦੀ ਨਬਜ਼ ਪਛਾਨਣਾ** (*ਸਮੇਂ ਅਨੁਸਾਰ ਚੱਲਣਾ*)—ਜਿਹੜੇ ਲੋਕ ਸਮੇਂ ਦੀ ਨਬਜ਼ ਪਛਾਣ ਕੇ ਚਲਦੇ ਹਨ ਉਹਨਾਂ ਨੂੰ ਜੀਵਨ ਵਿੱਚ ਦੁੱਖ ਨਹੀਂ ਸਹਿਣੇ ਪੈਂਦੇ।

71. **ਸ਼ਰਮ ਨਾਲ ਪਾਣੀ-ਪਾਣੀ ਹੋਣਾ** (*ਬਹੁਤ ਸ਼ਰਮਿੰਦੇ ਹੋਣਾ*)—ਜਦ ਸ਼ਾਮ ਦੀ ਚੋਰੀ ਸਭ ਦੇ ਸਾਹਮਣੇ ਪ੍ਰਗਟ ਹੋ ਗਈ ਤਾਂ ਉਹ ਸ਼ਰਮ ਨਾਲ ਪਾਣੀ-ਪਾਣੀ ਹੋ ਗਿਆ।

72. **ਸਾਖੀ ਭਰਨਾ** (*ਹਾਮੀ ਭਰਨਾ*)—ਉਸ ਦੇ ਕੀਤੇ ਕੰਮ ਇਸ ਗੱਲ ਦੀ ਸਾਖੀ ਭਰਦੇ ਹਨ ਕਿ ਉਹ ਸਿਆਣਾ ਆਦਮੀ ਹੈ।

73. **ਸਾਹ ਨਾ ਲੈਣ ਦੇਣਾ** (*ਕੰਮ ਵਿੱਚ ਲਗਾਈ ਰੱਖਣਾ*)—ਰਮੇਸ਼ ਤੋਂ ਤੁਸੀਂ ਇੰਨਾਂ ਕੰਮ ਕਰਵਾਓ ਕਿ ਉਹ ਸਾਹ ਨਾ ਲੈ ਸਕੇ।

74. **ਸ਼ਾਨ ਨੂੰ ਵੱਟਾ ਲਾਉਣਾ** (*ਇੱਜ਼ਤ ਮਿੱਟੀ ਵਿੱਚ ਮਿਲਾਉਣਾ*)—ਆਪਣੇ ਗੁਆਂਢੀ ਦੇ ਨਾਲ ਮਾਰ ਕੁੱਟ ਕਰਕੇ ਰਹੀਮ ਨੇ ਆਪਣੇ ਪਿਤਾ ਦੀ ਸ਼ਾਨ ਨੂੰ ਵੱਟਾ ਲਾ ਲਿਆ।

75. **ਸਿਰ ਤੋਂ ਪਾਣੀ ਲੰਘਣਾ** (*ਅੱਤ ਹੋ ਜਾਣੀ*)—ਹੁਣ ਮੈਂ ਉਸਦੀਆਂ ਵਧੀਕੀਆਂ ਬਰਦਾਸ਼ਤ ਨਹੀਂ ਕਰ ਸਕਦਾ, ਹੁਣ ਤਾਂ ਸਿਰ ਤੋਂ ਪਾਣੀ ਲੰਘ ਗਿਆ ਹੈ।

76. **ਸਿੱਕਾ ਜੰਮਣਾ** (*ਚੰਗਾ ਪ੍ਰਭਾਵ ਪੈਣਾ*)—ਅੱਜ-ਕੱਲ੍ਹ ਪਖੰਡੀ ਤੇ ਲਾਲਚੀ ਸਾਧੂ ਲੋਕਾਂ ਵਿੱਚ ਆਪਣਾ ਸਿੱਕਾ ਜਮਾਉਣ ਵਿੱਚ ਸਫ਼ਲ ਹੁੰਦੇ ਹਨ।

77. **ਸਿਰ 'ਤੇ ਕਫ਼ਨ ਬੰਨ੍ਹਣਾ** (*ਮਰਨ ਲਈ ਤਿਆਰ ਹੋਣਾ*)–ਸਰਹੱਦਾਂ ਤੇ ਫ਼ੌਜੀ ਸਿਰ 'ਤੇ ਕਫ਼ਨ ਬੰਨ੍ਹ ਕੇ ਰਹਿੰਦੇ ਹਨ।

78. **ਸਿਰ ਖਾਣਾ** (*ਬਹੁਤ ਤੰਗ ਕਰਨਾ*)–ਛੁੱਟੀ ਵਾਲੇ ਦਿਨ ਛੋਟੇ ਬੱਚੇ ਮਾਂ ਦਾ ਸਿਰ ਖਾਂਦੇ ਹਨ।

79. **ਸਿਰ ਤਲੀ 'ਤੇ ਧਰਨਾ** (*ਮਰਨ ਲਈ ਤਿਆਰ ਹੋਣਾ*)–ਦੇਸ਼ ਭਗਤ ਭਾਰਤ ਦੀ ਅਜ਼ਾਦੀ ਲਈ ਸਿਰ ਤਲੀ 'ਤੇ ਧਰ ਕੇ ਜੁਟੇ ਸਨ।

80. **ਸਿਰ 'ਤੇ ਜੂੰ ਨਾ ਸਰਕਣਾ** (*ਕੋਈ ਪ੍ਰਵਾਹ ਨਾ ਹੋਣੀ*)–ਰਾਹੁਲ ਬਹੁਤ ਢੀਠ ਹੈ ਉਸ ਨੂੰ ਜਿੰਨਾਂ ਮਰਜ਼ੀ ਸਮਝਾਉ, ਉਸਦੇ ਸਿਰ 'ਤੇ ਜੂੰ ਨਹੀਂ ਸਰਕ

81. **ਸਿਰ ਨਾ ਚੁੱਕਣਾ** (*ਅੱਗੋਂ ਨਾ ਬੋਲਣਾ*)–ਮੋਨੂੰ ਬਹੁਤ ਆਗਿਆਕਾਰ ਲੜਕਾ ਹੈ ਉਹ ਕਦੇ ਵੀ ਵੱਡਿਆਂ ਅੱਗੇ ਸਿਰ ਨਹੀਂ ਚੁੱਕਦਾ।

82. **ਸਿਰ-ਧੜ ਦੀ ਬਾਜ਼ੀ ਲਾਉਣੀ** (*ਮੌਤ ਦੀ ਪ੍ਰਵਾਹ ਨਾ ਕਰਨੀ*)–ਅਜ਼ਾਦੀ ਪ੍ਰਾਪਤੀ ਲਈ ਸੂਰਵੀਰਾਂ ਨੇ ਸਿਰ-ਧੜ ਦੀ ਬਾਜ਼ੀ ਲਾਈ ਸੀ।

83. **ਸਿਰ ਮਾਰਨਾ** (*ਨਾਂਹ ਕਰ ਦੇਣੀ*)–ਜਦ ਗ਼ਰੀਬ ਮਿੱਤਰ ਨੇ ਅਮੀਰ ਮਿੱਤਰ ਨੂੰ ਸਹਾਇਤਾ ਕਰਨ ਲਈ ਕਿਹਾ ਤੇ ਉਸਨੇ ਸਿਰ ਮਾਰ ਦਿੱਤਾ।

84. **ਸਿਰੋਂ ਨੰਗੀ ਹੋਣਾ** (*ਵਿਧਵਾ ਹੋ ਜਾਣਾ*)–ਲੜਾਈ ਵਿੱਚ ਪਤੀ ਦੇ ਮਾਰੇ ਜਾਣ ਨਾਲ ਸੰਤੀ ਸਿਰ ਤੋਂ ਨੰਗੀ ਹੋ ਗਈ।

85. **ਸੁਹਾਗ ਲੁੱਟ ਲੈਣਾ** (*ਪਤੀ ਨੂੰ ਮਾਰ ਦੇਣਾ*)–ਡਾਕੂਆਂ ਨੇ ਰਾਣੀ ਦਾ ਸੁਹਾਗ ਲੁੱਟ ਲਿਆ।

86. **ਸੁੱਖ ਦੀ ਨੀਂਦ ਸੌਣਾ** (*ਬੇ-ਫ਼ਿਕਰ ਹੋਣਾ*)–ਵਿਦਿਆਰਥੀ ਪੇਪਰਾਂ ਤੋਂ ਬਾਅਦ ਸੁੱਖ ਦੀ ਨੀਂਦ ਸੌਂਦੇ ਹਨ।

87. **ਸੁੱਕ ਕੇ ਤੀਲ੍ਹਾ ਹੋਣਾ** (*ਬਹੁਤ ਕਮਜ਼ੋਰ ਹੋਣਾ*)–ਗੁਰਜੀਤ ਸਿੰਘ ਇੱਕ ਮਹੀਨਾ ਬਿਮਾਰ ਰਹਿਣ ਨਾਲ ਸੁੱਕ ਕੇ ਤੀਲ੍ਹਾ ਹੋ ਗਿਆ ਹੈ।

88. **ਸਿਰ ਮੱਥੇ ਮੰਨਣਾ** (*ਖ਼ੁਸ਼ੀ-ਖ਼ੁਸ਼ੀ ਪ੍ਰਵਾਨ ਕਰਨਾ*)–ਸਾਨੂੰ ਆਪਣੇ ਵੱਡਿਆਂ ਦਾ ਕਹਿਣਾ ਸਿਰ ਮੱਥੇ ਮੰਨਣਾ ਚਾਹੀਦਾ ਹੈ।

89. **ਸ਼ੇਰ ਹੋ ਜਾਣਾ** (*ਦਲੇਰ ਹੋ ਜਾਣਾ*)–ਆਪਣੇ ਮੁਹੱਲੇ ਵਿੱਚ ਹਰ ਕੋਈ ਸ਼ੇਰ ਹੋ ਕੇ ਲੜਦਾ ਹੈ ਦੂਜਿਆਂ ਦੇ ਘਰ ਜਾ ਕੇ ਲੜੇ ਤਾਂ ਪਤਾ ਲੱਗਦਾ ਹੈ

90. **ਸੋਨੇ ਤੇ ਸੁਹਾਗੇ ਦਾ ਕੰਮ ਕਰਨਾ** (*ਹੋਰ ਚਮਕਾ ਦੇਣਾ*)–ਸੁਮੀਤ ਨੇ 'ਟੈਸਟ ਬੈਚ' ਵਿੱਚ ਦਾਖਲਾ ਲਿਆ ਜਿਸ ਕਾਰਨ ਉਸਦੇ ਨੰਬਰ ਚੰ
ਆਏ। ਇਹ ਸੋਨੇ ਤੇ ਸੁਹਾਗੇ ਵਾਲੀ ਗੱਲ ਹੈ।

91. **ਸੌ ਦੀ ਇੱਕ ਸੁਣਾਉਣਾ** (*ਮੁੱਕਦੀ ਗੱਲ ਕਰਨਾ*)–ਅਧਿਆਪਕ ਨੇ ਬੱਚਿਆਂ ਨੂੰ ਕਿਹਾ ਕਿ ਮੈਂ ਤੁਹਾਨੂੰ ਸੌ ਦੀ ਇੱਕ ਗੱਲ ਸੁਣਾਉਂਦਾ ਹਾਂ ਕਿ ਬਿ
ਮਿਹਨਤ ਕੀਤਿਆਂ ਤੁਸੀਂ ਪਾਸ ਨਹੀਂ ਹੋ ਸਕਦੇ।

## ਹ

92. **ਹਵਾ ਨਾਲ ਗੱਲਾਂ ਕਰਨਾ** (*ਬਹੁਤ ਤੇਜ਼ ਦੌੜਨਾ*)–ਜਦੋਂ ਮਿਲਖਾ ਸਿੰਘ ਦੌੜਦਾ ਸੀ, ਹਵਾ ਨਾਲ ਗੱਲਾਂ ਕਰਦਾ ਸੀ।

93. **ਹੱਥੀਂ ਛਾਵਾਂ ਕਰਨੀਆਂ** (*ਬਹੁਤ ਆਦਰ ਮਾਣ ਕਰਨਾ/ਪਿਆਰ ਕਰਨਾ*)–ਭਾਰਤੀ ਲੋਕ ਤਾਂ ਹੱਦ ਦਰਜੇ ਦੇ ਮਹਿਮਾਨ ਨਿਵਾਜ਼ ਹੁੰਦੇ ਹਨ, ਉ
ਤਾਂ ਘਰ ਆਏ ਦੁਸ਼ਮਣ ਦੇ ਹੱਥੀਂ-ਛਾਵਾਂ ਕਰਦੇ ਹਨ।

94. **ਹੱਥ ਪੈਰ ਹਿਲਾਉਣੇ** (*ਕੰਮ ਕਰਨਾ*)–ਹੱਥ-ਪੈਰ ਹਿਲਾਉਣ ਨਾਲ ਹੀ ਬੰਦੇ ਨੂੰ ਕੁਝ ਪ੍ਰਾਪਤ ਹੁੰਦਾ ਹੈ।

95. **ਹੱਥ ਰੰਗਣਾ** (*ਆਯੋਗ ਢੰਗ ਨਾਲ ਧਨ ਕਮਾਉਣਾ*)–ਜੰਗ ਦੇ ਦਿਨਾਂ ਵਿੱਚ ਵਪਾਰੀ ਚੋਰ-ਬਜ਼ਾਰੀ ਕਰ ਕੇ ਵਾਹਵਾ ਹੱਥ ਰੰਗ ਲੈਂਦੇ ਹਨ।

96. **ਹੱਥ ਮਲਣਾ** (*ਪਛਤਾਉਣਾ*)–ਜਿਹੜੇ ਵਿਦਿਆਰਥੀ ਸਮਾਂ ਰਹਿੰਦਿਆਂ ਮਿਹਨਤ ਨਹੀਂ ਕਰਦੇ, ਉਹ ਮਗਰੋਂ ਹੱਥ ਮਲ਼ਦੇ ਰਹਿ ਜਾਂਦੇ ਹਨ।

97. **ਹੰਝੂਆਂ ਦੇ ਹਾਰ ਪਰੋਣਾ** (*ਜ਼ਾਰੋ-ਜ਼ਾਰ ਰੋਣਾ*)–ਮਾਂ ਦੇ ਨਾ ਮਿਲਣ ਤੇ ਬੱਚਾ ਹੰਝੂਆਂ ਦੇ ਹਾਰ ਪਿਰੋਣ ਲੱਗ ਪਿਆ।

98. **ਹੱਥ ਅੱਡਣਾ** (*ਮੰਗਣਾ*)–ਸਾਨੂੰ ਕਿਸੇ ਅੱਗੇ ਹੱਥ ਨਹੀਂ ਅੱਡਣਾ ਚਾਹੀਦਾ ਸਗੋਂ ਮਿਹਨਤ ਕਰਕੇ ਕਮਾਉਣਾ ਚਾਹੀਦਾ ਹੈ।

99. **ਹੱਥ ਸਾਫ਼ ਕਰਨਾ** (*ਧੋਖੇ ਨਾਲ ਕੁਝ ਲੈ ਜਾਣਾ*)–ਨੌਕਰ ਮਾਲਕ ਦੀ ਤਿਜੌਰੀ ਤੇ ਹੱਥ ਸਾਫ਼ ਕਰਕੇ ਭੱਜ ਗਿਆ।

100. **ਹੱਥ ਗਰਮ ਹੋਣਾ/ਕਰਨਾ** (*ਰਿਸ਼ਵਤ ਦੇਣੀ*)–ਸਰਕਾਰੀ ਦਫ਼ਤਰਾਂ ਵਿੱਚ ਕਲਰਕਾਂ ਦਾ ਹੱਥ ਗਰਮ ਕੀਤੇ ਬਿਨਾਂ ਕੋਈ ਵੀ ਕੰਮ ਛੇਤੀ ਨਹੀਂ ਹੁੰਦ

101. **ਹੱਥ ਧੋ ਬਹਿਣਾ** (*ਗੁਆ ਬਹਿਣਾ*)–ਵਿਦੇਸ਼ ਜਾਣ ਦੇ ਲਾਲਚ ਵਿੱਚ ਉਹ ਆਪਣੇ ਜੀਵਨ ਦੀ ਕਮਾਈ ਤੋਂ ਹੱਥ ਧੋ ਬੈਠਾ।

102. **ਹੱਥ ਨੂੰ ਹੱਥ ਨਾ ਦਿਸਣਾ** (*ਹਨ੍ਹੇਰਾ ਹੋਣਾ*)–ਸਿਨੇਮਾ ਘਰ ਵਿੱਚ ਬਿਜਲੀ ਚਲੀ ਜਾਣ ਤੇ ਹੱਥ ਨੂੰ ਹੱਥ ਨਹੀਂ ਦਿੱਸਦਾ ਇਸ ਲਈ ਲੋਕ ਕੁਰ
ਨਾਲ ਅੱੜ ਕੇ ਸੱਟਾਂ ਲਗਾ ਲੈਂਦੇ ਹਨ।

103. **ਹੱਥ ਪੀਲ਼ੇ ਕਰਨੇ** (*ਧੀ ਦਾ ਵਿਆਹ ਕਰ ਦੇਣਾ*)–ਰਮੇਸ਼ ਨੇ ਛੋਟੀ ਉਮਰ ਵਿੱਚ ਹੀ ਆਪਣੀ ਧੀ ਦੇ ਹੱਥ ਪੀਲੇ ਕਰ ਦਿੱਤੇ।

104. **ਹੱਥ-ਪੈਰ ਮਾਰਨੇ** (*ਯਤਨ ਕਰਨਾ*)–ਰਮੇਸ਼ ਨੇ ਸਰਕਾਰੀ ਨੌਕਰੀ ਵਾਸਤੇ ਬਹੁਤ ਹੱਥ ਪੈਰ ਮਾਰੇ ਪਰ ਫੇਰ ਵੀ ਨੌਕਰੀ ਨਾ ਮਿਲੀ। *[ICSE - 201*

105. **ਹੱਥ ਮਲਦੇ ਰਹਿਣਾ** (*ਅਫ਼ਸੋਸ ਕਰਨਾ*)–ਜਿਹੜੇ ਬੱਚੇ ਸਮੇਂ ਦੀ ਕਦਰ ਨਹੀਂ ਕਰਦੇ ਉਹ ਅੰਤ ਵਿੱਚ ਹੱਥ ਮਲਦੇ ਰਹਿੰਦੇ ਹਨ ਜਿਸਦਾ ਕੋ
ਲਾਭ ਨਹੀਂ ਹੁੰਦਾ।

106. **ਹੱਥ ਰੰਗਣਾ** (*ਬਹੁਤ ਧਨ ਕਮਾਉਣਾ*)–ਰਹੀਮ ਨੇ ਕੱਪੜੇ ਦੇ ਵਪਾਰ ਵਿੱਚ ਖ਼ੂਬ ਹੱਥ ਰੰਗੇ ਹਨ।

107. **ਹੱਥ ਵਟਾਉਣਾ** (*ਸਹਾਇਤਾ ਕਰਨੀ*)–ਰਮੇਸ਼ ਸਕੂਲ ਤੋਂ ਬਾਅਦ ਆਪਣੇ ਪਿਤਾ ਦੇ ਕੰਮ ਵਿੱਚ ਹੱਥ ਵਟਾਉਂਦਾ ਹੈ।

108. **ਹੱਥਾਂ ਦੇ ਤੋਤੇ ਉੱਡਣੇ** (*ਘਬਰਾ ਜਾਣਾ*)–ਹਿਸਾਬ ਦਾ ਔਖਾ ਪੇਪਰ ਵੇਖ ਕੇ ਮੇਰੇ ਹੱਥਾਂ ਦੇ ਤੋਤੇ ਉੱਡ ਗਏ।

109. ਹੱਥੋ ਪਾਈ ਹੋਣਾ (*ਲੜਾਈ-ਝਗੜਾ ਕਰਨਾ*)–ਰਹੀਮ ਤੇ ਕਰੀਮ ਪੈਸਿਆਂ ਖ਼ਾਤਰ ਆਪਸ ਵਿੱਚ ਹੱਥੋ ਪਾਈ ਹੋ ਪਏ।

110. ਹਰਨ ਹੋਣਾ (*ਦੌੜ ਜਾਣਾ*)–ਚੋਰ ਪੁਲਿਸ ਨੂੰ ਵੇਖ ਕੇ ਹਰਨ ਹੋ ਗਿਆ।

111. ਹੱਲਾ-ਸ਼ੇਰੀ ਦੇਣਾ (*ਹੌਸਲਾ ਵਧਾਉਣਾ*)–ਸਾਨੂੰ ਕਮਜ਼ੋਰ ਵਿਅਕਤੀ ਦਾ ਹੌਸਲਾ ਨਹੀਂ ਢਾਹੁਣਾ ਚਾਹੀਦਾ ਸਗੋਂ ਹੱਲਾ-ਸ਼ੇਰੀ ਦੇਣੀ ਚਾਹੀਦੀ ਹੈ।

*[ICSE - 2018]*

112. ਹਵਾਈ ਕਿਲ੍ਹੇ ਉਸਾਰਨਾ (*ਝੂਠੀਆਂ ਆਸਾਂ ਬਣਾ ਲੈਣੀਆਂ*)–ਵਿਹਲੇ ਬੰਦਿਆਂ ਨੂੰ ਹਵਾਈ ਕਿਲ੍ਹੇ ਉਸਾਰਨ ਦੀ ਆਦਤ ਹੁੰਦੀ ਹੈ।

113. ਹਾਲਤ ਪਤਲੀ ਹੋਣਾ (*ਗਰੀਬ ਹੋਣਾ*)–ਵੱਧਦੀ ਮਹਿਗਾਈ ਨੇ ਆਮ ਆਦਮੀ ਦੀ ਹਾਲਤ ਪਤਲੀ ਕਰ ਦਿੱਤੀ ਹੈ।

114. ਹਿੱਕ ਤੇ ਮੂੰਗ ਦਲਣਾ (*ਕਿਸੇ ਨੂੰ ਦਿਖਾ ਕੇ ਸਤਾਉਣਾ*)–ਲੜਾਕੀ ਸੱਸ ਆਪਣੀ ਨੂੰਹ ਨੂੰ ਤੰਗ ਕਰਨ ਲਈ ਇਸਦੀ ਹਿੱਕ ਤੇ ਮੂੰਗ ਦਲਦੀ ਹੈ।

115. ਹੇਠਲੀ ਉੱਤੇ ਆਉਣਾ (*ਰਾਮ-ਰੌਲਾ ਪੈ ਜਾਣਾ*)–ਜਦੋਂ ਕਿਸੇ ਦੇਸ਼ ਵਿੱਚ ਘਰੇਗੀ ਜੰਗ ਛਿੜਦੀ ਹੈ ਤਾਂ ਹੇਠਲੀ ਉੱਤੇ ਹੋ ਜਾਂਦੀ ਹੈ।

116. ਹੱਥ 'ਤੇ ਹੱਥ ਧਰ ਕੇ ਬਹਿਣਾ (*ਵਿਹਲੇ ਬੈਠਣਾ*) – ਕਈ ਲੋਕ ਮਿਹਨਤ ਕਰ ਕੇ ਰਾਜ਼ੀ ਨਹੀਂ ਹੁੰਦੇ ਅਤੇ ਹੱਥ 'ਤੇ ਹੱਥ ਧਰ ਕੇ ਬਹਿਣਾ ਉਹ ਆਪਣੀ ਕਿਸਮਤ 'ਚ ਲਿਖਾ ਕੇ ਲਿਆਏ ਹੁੰਦੇ ਹਨ।

*[ICSE - 2017]*

## ਕ

117. ਕੱਚਾ ਹੋਣਾ (*ਸ਼ਰਮਿੰਦਾ ਹੋਣਾ*)–ਆਪਣਾ ਝੂਠ ਖੁੱਲ੍ਹਿਆ ਜਾਣ ਕੇ ਪੂਨਮ ਬੜੀ ਕੱਚੀ ਹੋਈ।

118. ਕੰਨਾਂ ਨੂੰ ਹੱਥ ਲਾਉਣਾ (*ਤੋਬਾ ਕਰਨੀ*)–ਬਲਦੇਵ ਨੇ ਕੰਨਾਂ ਨੂੰ ਹੱਥ ਲਾ ਕੇ ਮੁਆਫ਼ੀ ਮੰਗੀ ਕਿ ਮੁੜ ਚੋਰੀ ਨਹੀਂ ਕਰਾਂਗਾ।

119. ਕੰਨਾਂ 'ਤੇ ਜੂੰ ਨਾ ਸਰਕਣਾ (*ਕੋਈ ਅਸਰ ਨਾ ਹੋਣਾ*)–ਮੁੱਖ ਅਧਿਆਪਕ ਜੀ ਨੇ ਵਿਦਿਆਰਥੀਆਂ ਨੂੰ ਮਿਹਨਤ ਕਰਨ ਲਈ ਬਥੇਰੀ ਸਿੱਖਿਆ ਦਿੱਤੀ ਪਰ ਰਾਮ ਦੇ ਕੰਨਾਂ 'ਤੇ ਜੂੰ ਤੱਕ ਨਾ ਸਰਕੀ।

120. ਕੱਖ ਨਾ ਰਹਿਣਾ (*ਸਭ ਕੁਝ ਲੁੱਟ-ਪੁੱਟ ਜਾਣਾ*)–ਕੱਲ੍ਹ ਸਾਧੂ ਸਿੰਘ ਦੇ ਘਰ ਚੋਰੀ ਹੋਈ। ਚੋਰ ਸਭ ਕੁਝ ਸਾਫ਼ ਕਰ ਗਏ। ਹੁਣ ਉਨ੍ਹਾਂ ਦੇ ਘਰ ਕੱਖ ਨਹੀਂ ਰਿਹਾ।

121. ਕਰਮਾਂ ਨੂੰ ਰੋਣਾ (*ਆਪਣੀ ਕਿਸਮਤ ਨੂੰ ਕੋਸਣਾ*)–ਆਰਥਿਕ ਤੰਗੀ ਕਾਰਨ ਰਾਮ ਆਪਣੇ ਕਰਮਾਂ ਨੂੰ ਰੋਂਦਾ ਰਹਿੰਦਾ ਹੈ।

122. ਕੰਨ ਹੋਣਾ (*ਚਿਤਾਵਨੀ ਹੋ ਜਾਣੀ*)–ਰਮੇਸ਼ ਦੇ ਪਿਤਾ ਨੇ ਨਾ ਪੜ੍ਹਨ ਤੇ ਜਦ ਸੁਰੇਸ਼ ਦੀ ਮਾਰ ਕੁੱਟ ਕੀਤੀ ਤਾਂ ਛੋਟੇ ਭਰਾ ਨੂੰ ਵੀ ਕੰਨ ਹੋ ਗਏ।

123. ਕੰਨ ਕੁਤਰਨਾ (*ਚਲਾਕੀ ਨਾਲ ਠੱਗ ਲੈਣਾ*)–ਦਲੀਪ ਇੱਕ ਚਲਾਕ ਇਨਸਾਨ ਹੈ। ਉਸ ਤੋਂ ਬਚ ਕੇ ਰਹਿਣਾ, ਉਹ ਤਾਂ ਸਿਆਣਿਆਂ ਦੇ ਕੰਨ ਕੁਤਰ ਲੈਂਦਾ ਹੈ।

124. ਕੰਨ ਖਾਣਾ (*ਰੌਲ਼ਾ ਪਾਉਣਾ*)–ਛੁੱਟੀ ਵਾਲੇ ਦਿਨ ਬੱਚੇ ਕੰਨ ਹੀ ਖਾਂਦੇ ਹਨ।

125. ਕੰਨ ਭਰਨਾ (*ਚੁਗਲੀ ਕਰਨਾ*)–ਕੰਨ ਭਰਨਾ ਇੱਕ ਮਾੜੀ ਆਦਤ ਹੈ।

126. ਕੰਨਾਂ ਨੂੰ ਹੱਥ ਲਵਾਉਣਾ (*ਤੋਬਾ ਕਰਨਾ*)–ਰਮੇਸ਼ ਨੇ ਆਪਣੀਆਂ ਗ਼ਲਤੀਆਂ ਲਈ ਕੰਨਾਂ ਨੂੰ ਹੱਥ ਲਾ ਲਿਆ ਤੇ ਇੱਕ ਚੰਗਾ ਵਿਦਿਆਰਥੀ ਬਣ ਗਿਆ।

127. ਕੰਨੀ ਕਤਰਾਉਣਾ (*ਖ਼ਿਸਕਣਾ, ਸਾਹਮਣੇ ਨਾ ਹੋਣਾ*)–ਥਾਣੇਦਾਰ ਨੂੰ ਆਉਂਦੇ ਵੇਖ ਚੋਰ ਕੰਨੀ ਕਤਰਾ ਗਿਆ।

128. ਕੱਛਾਂ ਮਾਰਨਾ (*ਖ਼ੁਸ਼ੀਆਂ ਮੰਨਾਉਣਾ*)–ਕਬੱਡੀ ਦਾ ਮੈਚ ਜਿੱਤਣ ਦੀ ਖ਼ੁਸ਼ੀ ਵਿੱਚ ਜੇਤੂ ਟੀਮ ਕੱਛਾਂ ਮਾਰਨ ਲੱਗ ਪਈ।

129. ਕਬਰ ਕਿਨਾਰੇ ਹੋਣਾ (*ਮੌਤ ਨੇੜੇ ਹੋਣਾ*)–ਸੁਰੇਸ਼ ਦੇ ਦਾਦਾ ਜੀ ਕਬਰ ਕਿਨਾਰੇ ਹਨ ਪਤਾ ਨਹੀਂ ਕਦੋਂ ਪ੍ਰਾਣ ਨਿਕਲ ਜਾਣ।

130. ਕੰਨਾਂ ਦਾ ਕੱਚਾ (*ਲਾਈ-ਲਗ ਹੋਣਾ*)–ਰਮੇਸ਼ ਕੰਨਾਂ ਦਾ ਕੱਚਾ ਹੈ ਇਸ ਲਈ ਉਸ ਤੇ ਕੋਈ ਵਿਸ਼ਵਾਸ ਨਹੀਂ ਕਰਦਾ।

131. ਕੌੜਾ ਘੁੱਟ ਭਰਨਾ (*ਸਬਰ ਕਰਨਾ*)–ਅੱਤਿਆਚਾਰ ਦਾ ਵਿਰੋਧ ਤਾਂ ਮਿਲਕੇ ਹੀ ਕੀਤਾ ਜਾਂਦਾ ਹੈ ਪਰ ਇਕੱਲਾ ਆਦਮੀ ਕੇਵਲ ਕੌੜਾ ਘੁੱਟ ਭਰ ਕੇ ਰਹਿ ਜਾਂਦਾ ਹੈ।

132. ਕੋਠੇ ਜਿੱਡੀ ਹੋ ਜਾਣਾ (*ਮੁਟਿਆਰ ਹੋ ਜਾਣਾ*)–ਹਰਜੀਤ ਦੀ ਧੀ ਕੋਠੇ ਜਿੱਡੀ ਹੋ ਗਈ ਹੈ ਹੁਣ ਤਾਂ ਉਹ ਉਸਦੇ ਵਿਆਹ ਦੀ ਚਿੰਤਾ ਕਰ ਰਿਹਾ ਹੈ।

133. ਕੰਘਾ ਹੋ ਜਾਣਾ (*ਬਰਬਾਦ ਹੋ ਜਾਣਾ*)–ਜ਼ਮੀਨ ਦੇ ਮੁਕੱਦਮੇ ਨੇ ਸਾਡਾ ਕੰਘਾ ਕਰ ਦਿੱਤਾ ਹੈ ਪਤਾ ਨਹੀਂ ਅਜੇ ਕਿੰਨਾਂ ਸਮਾਂ ਹੋਰ ਲੱਗੇਗਾ।

134. ਕੁੱਤੇ ਦੀ ਮੌਤ ਮਰਨਾ (*ਬਹੁਤ ਮੰਦੇ ਹਾਲੀਂ ਮਰਨਾ*)–ਸ਼ੇਰ ਸਿੰਘ ਡਾਕੂ ਪੁਲਿਸ ਮੁਕਾਬਲੇ ਵਿੱਚ ਕੁੱਤੇ ਦੀ ਮੌਤ ਮਾਰਿਆ ਗਿਆ।

135. ਕਾਲਜੇ ਛੁਰੀਆਂ ਮਾਰਨਾ (*ਚੁੱਭਵੀਆਂ ਗੱਲਾਂ ਕਰਨਾ*)–ਸ਼ਰੀਕ ਹਮੇਸ਼ਾਂ ਕਾਲਜੇ ਛੁਰੀਆਂ ਮਾਰਦੇ ਹਨ ਕਦੇ ਪਿਆਰ ਦੀ ਗੱਲ ਨਹੀਂ ਕਰਦੇ।

136. ਕਾਂਜੀ ਘੋਲਣਾ (*ਬੇਸੁਆਦੀ ਕਰਨਾ*)–ਸਾਡੇ ਘਰ ਵਿੱਚ ਛੋਟੇ ਭਰਾ ਦਾ ਜਨਮ ਦਿਨ ਮਨਾਇਆ ਜਾ ਰਿਹਾ ਸੀ ਉੱਥੇ ਚਾਚੇ ਨੇ ਆ ਕੇ ਜਾਇਦਾਦ ਦੇ ਝਗੜੇ ਦੀ ਗੱਲ ਛੇੜ ਕੇ ਕਾਂਜੀ ਘੋਲ ਦਿੱਤੀ।

137. ਕਾਂਵਾਂ ਰੌਲ਼ੀ ਪਾਉਣਾ (*ਸ਼ੋਰ ਕਰਨਾ*)–ਅਧਿਆਪਕ ਦੇ ਜਮਾਤ ਤੋਂ ਬਾਹਰ ਜਾਂਦੇ ਹੀ ਬੱਚਿਆਂ ਨੇ ਕਾਂਵਾਂ ਰੌਲ਼ੀ ਪਾ ਦਿੱਤੀ।

138. ਕੰਡੇ ਬੀਜਣੇ (*ਮੁਸ਼ਕਲ੍ਹਾਂ ਪੈਦਾ ਕਰਨੀਆਂ*)–ਜੇ ਤੁਸੀਂ ਆਮਦਨ ਟੈਕਸ ਨਹੀਂ ਭਰੋਗੇ ਤਾਂ ਆਪਣੇ ਲਈ ਕੰਡੇ ਬੀਜ ਲਵੋਗੇ।